ਦਫ਼ਤਰ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਮਾਨਸਾ।

ਸੇਵਾ ਵਿਖੇ,

ਸਮੂਹ ਸਕੂਲ ਮੁਖੀ
ਸਰਕਾਰੀ/ਏਡਿਡ/ਪ੍ਰਾਈਵੇਟ
ਜਿਲ੍ਹਾ ਮਾਨਸਾ।

ਪੱਤਰ ਨੰ: ਜੀ-1/1( )/2022-23/ 2022190593-95
ਮਿਤੀ ਮਾਨਸਾ: 18/07/2022

ਵਿਸ਼ਾ: ਜਿਲ੍ਹਾ ਮਾਨਸਾ ਦੇ ਸਕੂਲਾਂ ਵਿੱਚ ਚੱਲ ਰਹੀਆਂ ਬੱਸਾਂ ਦੇ ਡਰਾਈਵਰ/ਕੰਡਕਟਰਾਂ ਨੂੰ ਫਸਟ ਏਡ ਟ੍ਰੇਨਿੰਗ ਦੇਣ ਸੰਬੰਧੀ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਸਮੂਹ ਸਰਕਾਰੀ/ਪ੍ਰਾਈਵੇਟ/ਏਡਿਡ ਸਕੂਲ ਦੇ ਮੁਖੀਆਂ ਨੂੰ ਭੇਜਕੇ ਹਦਾਇਤ ਕੀਤੀ ਜਾਂਦੀ ਹੈ ਕਿ ਮਾਨਯੋਗ ਡਿਪਟੀ ਕਮਿਸ਼ਨਰ ਮਾਨਸਾ ਜੀ ਵੱਲੋ ਕੀਤੀ ਗਈ ਮਿਤੀ 07.07.2022 ਦੀ ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ ਸੀ ਕਿ ਸਕੂਲ ਬੱਸ਼ਾਂ ਦੇ ਡਰਾਈਵਰ ਤੇ ਕੰਡਕਟਰਾਂ ਦੀ ਜਿਲ੍ਹਾ ਰੈਡ ਕਰਾਸ ਵਿੱਚ ਫਸਟ ਏਡ ਟ੍ਰੇਨਿੰਗ ਕਰਵਾਈ ਜਾਣੀ ਹੈ। ਇਸ ਦੇ ਸੰਬੰਧ ਵਿੱਚ ਨਿਮਨ ਹਸਤਾਖਰੀ ਵੱਲੋ ਜਿਲ੍ਹਾ ਰੈਡ ਕਰਾਸ ਦਫ਼ਤਰ ਮਾਨਸਾ ਪਾਸੋ ਨੱਥੀ ਪੱਤਰ ਅਨੁਸਾਰ ਸਮੇਂ ਲਈ ਲਿਖਿਆ ਗਿਆ ਸੀ। ਇਹ ਪੱਤਰ ਆਪ ਨੂੰ ਭੇਜਕੇ ਹਦਾਇਤ ਕੀਤੀ ਜਾਂਦੀ ਹੈ ਕਿ ਸਮੂਹ ਬੱਸਾਂ ਦੇ ਡਰਾਈਵਰ/ਕੰਡਕਟਰਾਂ ਨੂੰ ਫਸ਼ਟ ਏਡ ਟ੍ਰੇਨਿੰਗ ਕਰਵਾਉਣੀ ਯਕੀਨੀ ਬਣਾਈ ਜਾਵੇ।

ਜਿਲ੍ਹਾ ਸਿੱਖਿਆ ਅਫਸ਼ਰ (ਸੈ.ਸਿੱ)
ਮਾਨਸਾ।

ਪਿੱਠ ਅੰਕਣ ਨੰ: ਮਿਤੀ ਮਾਨਸਾ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1) ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜਿਲ੍ਹਾ ਰੈਡ ਕਰਾਸ ਸੁਸਾਇਟੀ ਮਾਨਸਾ।
2) ਕੋ-ਆਰਡੀਨੇਟਰ ਸਮੱਗਰਾ ਸਿੱਖਿਆ ਅਭਿਆਨ ਮਾਨਸਾ ਨੂੰ ਪ੍ਰਾਈਵੇਟ ਸਕੂਲਾਂ ਦੇ ਗਰੁੱਪਾ ਵਿੱਚ ਸਰਕੂਲੇਟ ਕਰਨ ਸੰਬੰਧੀ।

ਜਿਲ੍ਹਾ ਸਿੱਖਿਆ ਅਫਸ਼ਰ (ਸੈ.ਸਿੱ)
ਮਾਨਸਾ।

01652-232892
Fax No. 232892

INDIAN RED CROSS SOCIETY

(Established in 1948 Under Act. XV of 1920)
DISTRICT BRANCH
Bal Bhawan, Courts Complex
MANSA-151505

No. DRC/...223.....

Dated...18/07/2022

ਸੇਵਾ ਵਿਖੇ,

ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ)/(ਐਲੀ).,
ਮਾਨਸਾ ।

ਵਿਸ਼ਾ : **ਜ਼ਿਲ੍ਹਾ ਮਾਨਸਾ ਦੇ ਸਕੂਲਾਂ ਵਿੱਚ ਚੱਲ ਰਹੀਆਂ ਬੱਸਾਂ ਦੇ ਡਰਾਈਵਰ ਅਤੇ ਕੰਡਕਟਰਾਂ ਨੂੰ ਫਸਟ ਏਡ ਟਰੇਨਿੰਗ ਦੇਣ ਸਬੰਧੀ ।**

ਹਵਾਲਾ : ਆਪ ਦੇ ਦਫਤਰ ਦਾ ਪੱਤਰ ਨੰਬਰ ਜੀ-1/1( )/2022-23/2022187169 ਮਿਤੀ 14/07/2022 ਦੇ ਸਬੰਧ ਵਿੱਚ ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਆਪ ਜੀ ਦੇ ਅਧੀਨ ਸਕੂਲ/ਕਾਲਜ ਵਿੱਚ ਚੱਲ ਰਹੀਆਂ ਬੱਸਾਂ ਦੇ ਡਰਾਈਵਰ ਤੇ ਕੰਡਕਟਰਾਂ ਦੀ ਗਿਣਤੀ ਸਬੰਧੀ ਹੇਠ ਲਿਖੇ ਪ੍ਰੋਫਾਰਮੇ ਵਿੱਚ ਭਰਕੇ ਦਿੱਤੀ ਜਾਵੇ, ਤਾਂ ਜੋ ਉਨ੍ਹਾਂ ਨੂੰ ਇਹ ਟਰੇਨਿੰਗ ਸਮੇਂ ਸਿਰ ਦਿਤੀ ਜਾ ਸਕੇ । ਇਹ ਟਰੇਨਿੰਗ ਉਨ੍ਹਾਂ ਡਰਾਈਵਰ ਤੇ ਕੰਡਕਟਰਾਂ ਨੂੰ ਦਿੱਤੀ ਜਾਣੀ ਹੈ ਜਿਨ੍ਹਾਂ ਦੇ ਫਸਟ ਏਡ ਦੇ ਸਰਟੀਫਿਕੇਟ ਬਣੇ ਨੂੰ ਇੱਕ ਜੁਲਾਈ 2022 ਨੂੰ ਤਿੰਨ ਸਾਲ ਜਾਂ ਤਿੰਨ ਸਾਲ ਤੋਂ ਵੱਧ ਦਾ ਸਮਾਂ ਹੋ ਚੁੱਕਾ ਹੈ ਜਾਂ ਜਿਨ੍ਹਾਂ ਦੇ ਫਸਟ ਏਡ ਦੇ ਸਰਟੀਫਿਕੇਟ ਅਜੇ ਤੱਕ ਨਹੀ ਬਣੇ । ਪ੍ਰੋਫਾਰਮਾ ਹੇਠ ਅਨੁਸਾਰ ਹੈ :

ਲੜੀ ਨੰ:	ਸਕੂਲ/ਕਾਲਜ ਦਾ ਨਾਮ	ਸਕੂਲ/ਕਾਲਜ/ਮੁੱਖੀ ਦਾ ਫੋਨ ਨੰਬਰ	ਡਰਾਈਵਰ/ਕੰਡਕਟਰ ਦਾ ਨਾਮ	ਡਰਾਈਵਰ/ਕੰਡਕਟਰ ਦਾ ਫੋਨ ਨੰਰ	ਵਿਸ਼ੇਸ਼ ਕਥਨ

ਆਪ ਨੂੰ ਲਿਖਿਆ ਜਾਂਦਾ ਹੈ ਕਿ ਇਹ ਸਰਟੀਫਿਕੇਟ ਹਰ ਬੱਸ ਚਾਲਕ ਅਤੇ ਕੰਡਕਟਰ ਪਾਸ ਹੋਣ ਜ਼ਰੂਰੀ ਹੋਵੇਗਾ । ਫਸਟ ਏਡ ਦੀ ਟਰੇਨਿੰਗ ਦੀ 1000/- ਰੁਪਏ ਪ੍ਰਤੀ ਸਿਖਿਆਰਥੀ ਫੀਸ, ਅਧਾਰ ਕਾਰਡ ਦੀ 2 ਫੋਟੋਕਾਪੀਆਂ ਅਤੇ 2 ਟਿਕਟ ਸਾਈਜ਼ ਫੋਟੋਆਂ ਹੋਵੇਗੀ । ਬੇਨਤੀ ਹੈ ਕਿ ਉਕਤ ਸੂਚਨਾ ਨਿਰਧਾਰਿਤ ਪ੍ਰੋਫਾਰਮੇ ਵਿੱਚ ਭਰਕੇ ਇਸ ਦਫਤਰ ਨੂੰ ਮਿਤੀ 20/07/2022 ਨੂੰ ਸਵੇਰੇ 11:00 ਵਜੇ ਤੱਕ ਭੇਜਣੀ ਯਕੀਨੀ ਬਣਾਈ ਜਾਵੇ । ਇਸਨੂੰ ਅਤੀ ਜ਼ਰੂਰੀ ਸਮਝਿਆ ਜਾਵੇ ।

ਨਿਵੇਤਨੀ ਸਕੱਤਰ,